ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਹੋ ਚੈਤਨਯ ਲਾਈਟ ਹਾਊਸ, ਤੁਸੀਂ ਸਭ ਨੂੰ ਬਾਪ ਦਾ ਪਰਿਚਯ ਦੇਣਾ ਹੈ, ਘਰ ਦਾ ਰਸਤਾ ਦਸਣਾ ਹੈ"

ਪ੍ਰਸ਼ਨ:- ਅੱਗੇ ਜਾਕੇ ਕਿਹੜਾ ਡਾਇਰੈਕਸ਼ਨ ਅਤੇ ਕਿਹੜੀ ਵਿਧੀ ਨਾਲ ਅਨੇਕ ਆਤਮਾਵਾਂ ਨੂੰ ਮਿਲਣ ਵਾਲਾ ਹੈ?

ਉੱਤਰ:- ਅੱਗੇ ਜਾਕੇ ਬਹੁਤਿਆਂ ਨੂੰ ਇਹ ਡਾਇਰੈਕਸ਼ਨ ਮਿਲੇਗਾ ਕਿ ਤੁਸੀਂ ਬ੍ਰਹਮਾਕੁਮਾਰ - ਕੁਮਾਰੀਆਂ ਦੇ ਕੋਲ ਜਾਵੋ ਤਾਂ ਤੁਹਾਨੂੰ ਇਹ ਬੈਕੁੰਠ ਦਾ ਪ੍ਰਿੰਸ ਬਨਣ ਦਾ ਗਿਆਨ ਦੇਣਗੇ। ਇਹ ਇਸ਼ਾਰਾ ਉਨ੍ਹਾਂ ਨੂੰ ਬ੍ਰਹਮਾ ਦੇ ਸਾਕਸ਼ਤਕਾਰ ਤੋਂ ਮਿਲੇਗਾ। ਅਕਸਰ ਕਰਕੇ ਬ੍ਰਹਮਾ ਅਤੇ ਸ਼੍ਰੀਕ੍ਰਿਸ਼ਨ ਦਾ ਹੀ ਸਾਕਸ਼ਤਕਾਰ ਹੁੰਦਾ ਹੈ। ਜਿਵੇਂ ਆਦਿ ਵਿੱਚ ਸਾਕਸ਼ਤਕਾਰ ਦਾ ਪਾਰ੍ਹ ਚਲਿਆ, ਇੰਵੇਂ ਹੀ ਅੰਤ ਵਿੱਚ ਵੀ ਚਲਣ ਵਾਲਾ ਹੈ।

ਓਮ ਸ਼ਾਂਤੀ। ਰੂਹਾਨੀ ਬਾਪ ਬੱਚਿਆਂ ਨੂੰ ਪੁੱਛਦੇ ਹਨ, ਸਭ ਤੋਂ ਤਾਂ ਨਹੀਂ ਪੁੱਛ ਸਕਦੇ। ਨਲਨੀ ਬੇਟੀ ਤੋਂ ਪੁੱਛਦੇ ਹਨ ਕਿ ਇੱਥੇ ਕੀ ਕਰ ਰਹੀ ਹੋ? ਕਿਸਦੀ ਯਾਦ ਵਿੱਚ ਬੈਠੀ ਹੋ? ਬਾਪ ਦੀ। ਸਿਰ੍ਫ ਬਾਪ ਦੀ ਯਾਦ ਵਿੱਚ ਬੈਠੀ ਹੋ ਜਾਂ ਹੋਰ ਵੀ ਕੁਝ ਯਾਦ ਹੈ? ਬਾਪ ਦੀ ਯਾਦ ਨਾਲ ਤਾਂ ਵਿਕਰਮ ਵਿਨਾਸ਼ ਹੋਣਗੇ, ਹੋਰ ਕੀ ਯਾਦ ਕਰਦੀ ਹੋ? ਇਹ ਬੁੱਧੀ ਦਾ ਕੰਮ ਹੈ ਨਾ। ਅਸੀਂ ਆਤਮਾਵਾਂ ਨੇ ਆਪਣੇ ਘਰ ਜਾਣਾ ਹੈ ਤਾਂ ਘਰ ਨੂੰ ਵੀ ਯਾਦ ਕਰਨਾ ਹੈ। ਅੱਛਾ, ਹੋਰ ਕੀ ਕਰਨਾ ਹੈ? ਕੀ ਘਰ ਵਿੱਚ ਜਾਕੇ ਬੈਠ ਜਾਣਾ ਹੈ! ਵਿਸ਼ਨੂੰ ਨੂੰ ਸਵਦਰਸ਼ਨ ਚੱਕਰ ਵਿਖਾਉਂਦੇ ਹਨ ਨਾ। ਉਸਦਾ ਅਰਥ ਵੀ ਬਾਪ ਨੇ ਸਮਝਾਇਆ ਹੈ। ਸਵ: ਅਰਥਾਤ ਆਤਮਾ ਨੂੰ ਦਰਸ਼ਨ ਹੋਇਆ, 84 ਜਨਮਾਂ ਦੇ ਚੱਕਰ ਦਾ। ਤਾਂ ਉਹ ਚੱਕਰ ਵੀ ਫਿਰਾਣਾ ਪਵੇ। ਤੁਸੀਂ ਜਾਣਦੇ ਹੋ ਅਸੀਂ 84 ਦਾ ਚੱਕਰ ਲਗਾਕੇ ਘਰ ਜਾਵਾਂਗੇ। ਫੇਰ ਉਥੋਂ ਆਵਾਂਗੇ ਸਤਿਯੁਗ ਵਿੱਚ ਪਾਰ੍ਹ ਵਜਾਉਣ। ਫੇਰ 84 ਦਾ ਚੱਕਰ ਲਗਾਵਾਂਗੇ। ਵਿਸ਼ਨੂੰ ਨੂੰ ਕੋਈ ਚੱਕਰ ਹੁੰਦਾ ਨਹੀਂ। ਉਹ ਤਾਂ ਹੈ ਸਤਿਯੁਗ ਦਾ ਦੇਵਤਾ। ਵਿਸ਼ਨੂੰਪੁਰੀ ਕਹੋ ਜਾਂ ਲਕਸ਼ਮੀ - ਨਾਰਾਇਣ ਦੀ ਪੁਰੀ ਕਹੋ, ਸ੍ਵਰਗ ਕਹੋ। ਸ੍ਵਰਗ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਜੇਕਰ ਰਾਧੇ - ਕ੍ਰਿਸ਼ਨ ਦਾ ਰਾਜ ਕਹਿੰਦੇ ਹਨ ਤਾਂ ਇਹ ਭੁੱਲ ਕਰਦੇ ਹਨ। ਰਾਧੇ - ਕ੍ਰਿਸ਼ਨ ਦਾ ਰਾਜ ਤਾਂ ਹੁੰਦਾ ਨਹੀਂ ਕਿਉਂਕਿ ਦੋਨੋਂ ਵੱਖ - ਵੱਖ ਰਾਜਾਈ ਦੇ ਪ੍ਰਿੰਸ - ਪ੍ਰਿੰਸੈਸ ਸਨ, ਰਾਜਾਈ ਦੇ ਮਾਲਿਕ ਤਾਂ ਫੇਰ ਸਵੰਬਰ ਦੇ ਬਾਦ ਬਣਨਗੇ। ਤਾਂ ਇਹ ਜੋ ਵਿਸ਼ਨੂੰ ਨੂੰ ਚੱਕਰ ਦਿੱਤਾ ਹੈ, ਇਹ ਤੁਹਾਡਾ ਚੱਕਰ ਹੈ। ਤਾਂ ਇੱਥੇ ਜਦੋਂ ਬੈਠਦੇ ਹੋ ਤਾਂ ਸਿਰ੍ਫ ਸ਼ਾਂਤੀ ਵਿੱਚ ਨਹੀਂ ਬੈਠਣਾ ਹੈ। ਵਰਸਾ ਵੀ ਯਾਦ ਕਰਨਾ ਹੈ ਇਸ ਲਈ ਇਹ ਚੱਕਰ ਹੈ। ਬਾਪ ਕਹਿੰਦੇ ਹਨ ਤੁਸੀਂ ਲਾਈਟ ਹਾਊਸ ਵੀ ਹੋ, ਬੋਲਦਾ ਚਲਦਾ ਲਾਈਟ ਹਾਊਸ ਹੋ। ਇੱਕ ਅੱਖ ਵਿੱਚ ਹੈ ਸ਼ਾਂਤੀਧਾਮ, ਇੱਕ ਅੱਖ ਵਿੱਚ ਹੈ ਸੁੱਖਧਾਮ। ਦੋਵਾਂ ਨੂੰ ਯਾਦ ਕਰਨਾ ਪੈਂਦਾ ਹੈ। ਯਾਦ ਨਾਲ ਤੇ ਪਾਪ ਕੱਟਣੇ ਹਨ। ਘਰ ਨੂੰ ਯਾਦ ਕਰਨ ਨਾਲ ਘਰ ਵਿੱਚ ਚਲੇ ਜਾਣਗੇ ਫੇਰ ਚੱਕਰ ਨੂੰ ਵੀ ਯਾਦ ਕਰਨਾ ਹੈ। ਇਹ ਸਾਰੇ ਚੱਕਰ ਦੀ ਨਾਲੇਜ ਤੁਹਾਨੂੰ ਹੀ ਹੈ। 84 ਦਾ ਚੱਕਰ ਲਗਾਇਆ ਹੈ। ਹੁਣ ਇਹ ਅੰਤਿਮ ਜਨਮ ਹੈ ਮ੍ਰਿਤੂਲੋਕ ਵਿੱਚ। ਨਵੀਂ ਦੁਨੀਆਂ ਨੂੰ ਕਿਹਾ ਜਾਂਦਾ ਹੈ ਅਮਰਲੋਕ। ਅਮਰ ਅਰਥਾਤ ਤੁਸੀਂ ਸਦਾ ਜਿਉਂਦੇ ਰਹਿੰਦੇ ਹੋ। ਤੁਸੀਂ ਕਦੇ ਮਰਦੇ ਨਹੀਂ ਹੋ। ਇੱਥੇ ਤਾਂ ਬੈਠੇ- ਬੈਠੇ ਅਚਾਨਕ ਮੌਤ ਹੋ ਜਾਂਦੀ ਹੈ। ਬਿਮਾਰੀਆਂ ਹੁੰਦੀਆਂ ਹਨ, ਉੱਥੇ ਮਰਨ ਦਾ ਡਰ ਨਹੀਂ ਕਿਉਂਕਿ ਅਮਰਲੋਕ ਹੈ। ਤੁਸੀਂ ਬੁੱਢੇ ਹੁੰਦੇ ਹੋ ਤਾਂ ਵੀ ਗਿਆਨ ਹੈ ਅਸੀਂ ਗਰਭ ਮਹਿਲ ਵਿੱਚ ਜਾਕੇ ਪ੍ਰਵੇਸ਼ ਕਰਾਂਗੇ। ਹੁਣ ਜਾਂਦੇ ਹਨ ਗਰਭ ਜੇਲ੍ਹ ਵਿੱਚ। ਉੱਥੇ ਤਾਂ ਗਰਭ ਮਹਿਲ ਹੁੰਦਾ ਹੈ। ਉੱਥੇ ਪਾਪ ਤਾਂ ਕਰਦੇ ਨਹੀਂ ਜੋ ਸਜ਼ਾ ਭੋਗਨੀ ਪਵੇ। ਇੱਥੇ ਤਾਂ ਪਾਪ ਕਰਦੇ ਹਨ, ਜਿਸ ਕਾਰਨ ਸਜ਼ਾ ਭੋਗਕੇ ਬਾਹਰ ਨਿਕਲਦੇ ਹਨ ਤਾਂ ਫੇਰ ਪਾਪ ਸ਼ੁਰੂ ਕਰ ਲੈਂਦੇ ਹਨ। ਇਹ ਹੈ ਪਾਪ ਆਤਮਾਵਾਂ ਦੀ ਦੁਨੀਆਂ। ਇੱਥੇ ਤਾਂ ਦੁੱਖ ਹੀ ਹੁੰਦਾ ਹੈ। ਉੱਥੇ ਦੁੱਖ ਦਾ ਨਾਮ ਨਹੀਂ। ਤਾਂ ਇੱਕ ਅੱਖ ਵਿੱਚ ਸ਼ਾਂਤੀਧਾਮ, ਦੂਸਰੀ ਅੱਖ ਵਿੱਚ ਸੁੱਖਧਾਮ ਰੱਖੋ। ਭਾਵੇਂ ਤੁਸੀਂ ਜਨਮ - ਜਨਮਾਨਤ੍ਰ ਜਪ - ਤਪ ਆਦਿ ਕਰਦੇ ਆਏ ਹੋ ਪਰੰਤੂ ਉਹ ਗਿਆਨ ਤਾਂ ਨਹੀਂ ਹੈ ਨਾ। ਉਹ ਹੈ ਭਗਤੀ। ਉਸ ਵਿੱਚ ਕੋਈ ਯੁਕਤੀ ਵੀ ਨਹੀਂ ਮਿਲਦੀ ਕਿ ਤੁਸੀਂ ਇੰਵੇਂ ਸਤੋਪ੍ਰਧਾਨ ਬਣ ਸਕਦੇ ਹੋ। ਕੋਈ ਵੀ ਨਹੀਂ ਜਾਣਦੇ। ਬਸ ਸੁਣਿਆ ਹੈ ਕ੍ਰਿਸ਼ਨ - ਭਗਵਾਨੁਵਾਚ ਦੇਹ ਸਹਿਤ ... ਇਹ ਗੀਤਾ ਦੇ ਅੱਖਰ ਹਨ ਜੋ ਪੜ੍ਹਕੇ ਸੁਣਾਉਂਦੇ ਹਨ ਇੰਵੇਂ ਨਹੀਂ ਕਹਿੰਦੇ ਕਿ ਤੁਸੀਂ ਅਜਿਹੇ ਬਣੋ। ਸਿਰ੍ਫ ਪੜ੍ਹਦੇ ਹਨ ਭਗਵਾਨ ਇੰਵੇਂ ਕਹਿਕੇ ਗਏ ਸਨ, ਜਦੋਂ ਆਏ ਸਨ ਪਤਿਤਾਂ ਨੂੰ ਪਾਵਨ ਬਣਾਉਣ। ਸਿਰ੍ਫ ਗੀਤਾ ਵਿੱਚ ਪਰਮਪਿਤਾ ਪਰਮਾਤਮਾ ਦੇ ਬਦਲੇ ਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਹੁਣ ਕ੍ਰਿਸ਼ਨ ਤਾਂ ਰਥੀ ਹੈ ਨਾ। ਉਨ੍ਹਾਂ ਨੂੰ ਰਥ ਚਾਹੀਦਾ ਹੈ ਕੀ? ਉਹ ਤਾਂ ਖੁੱਦ ਦੇਹਧਾਰੀ ਹਨ। ਕ੍ਰਿਸ਼ਨ ਦਾ ਨਾਮ ਕਿਸਨੇ ਰੱਖਿਆ? ਜਿਵੇਂ ਛਠੀ ਹੁੰਦੀ ਹੈ ਤਾਂ ਨਾਮ ਸਭਦੇ ਪੈਂਦੇ ਹਨ। ਬਾਪ ਨੂੰ ਤਾਂ ਸਿਰ੍ਫ ਸ਼ਿਵ ਹੀ ਕਿਹਾ ਜਾਂਦਾ ਹੈ। ਤੁਸੀਂ ਆਤਮਾਵਾਂ ਜਨਮ - ਮਰਨ ਵਿੱਚ ਆਉਂਦੀਆਂ ਹੋ ਤਾਂ ਸ਼ਰੀਰ ਦਾ ਨਾਮ ਬਦਲਦਾ ਹੈ। ਸ਼ਿਵਬਾਬਾ ਤਾਂ ਜਨਮ - ਮਰਨ ਵਿੱਚ ਆਉਂਦਾ ਨਹੀਂ। ਉਹ ਸਦਾ ਸ਼ਿਵ ਹੀ ਹੈ। ਬੁਰੀ ( ਬਿੰਦੀ ) ਜਦੋਂ ਲਿਖਦੇ ਹਨ ਤਾਂ ਕਹਿੰਦੇ ਹਨ ਸ਼ਿਵ। ਬਿੰਦੀ ਆਤਮਾ ਤੇ ਹੈ ਬਿਲਕੁਲ ਸੂਕਸ਼ਮ। ਆਤਮਾ ਦਾ ਜੇਕਰ ਸਾਕਸ਼ਤਕਾਰ ਹੁੰਦਾ ਤਾਂ ਵੀ ਕਿਸੇ ਨੂੰ ਸਮਝ ਵਿੱਚ ਨਹੀਂ ਆਉਂਦਾ। ਦੇਵੀ ਨੂੰ ਵੇਖ ਖੁਸ਼ ਹੋ ਜਾਣਗੇ। ਅੱਛਾ, ਫੇਰ ਕੀ, ਪ੍ਰਾਪਤੀ ਤਾਂ ਕੁਝ ਨਹੀਂ, ਅਰਥ ਨਹੀਂ। ਸਿਰ੍ਫ ਨੌਂਧਾ ਭਗਤੀ ਕੀਤੀ, ਦਰਸ਼ਨ ਕੀਤਾ ਤਾਂ ਉਸ ਵਿੱਚ ਖੁਸ਼ ਹੋ ਜਾਂਦੇ ਹਨ। ਬਾਕੀ ਮੁਕਤੀ - ਜੀਵਨਮੁਕਤੀ ਦੀ ਤਾਂ ਗੱਲ ਹੀ ਨਹੀਂ ਹੈ। ਉਹ ਹੈ ਸਭ ਭਗਤੀ ਮਾਰਗ। ਇੱਥੇ ਇਹ ਗਿਆਨ ਮਾਰਗ ਹੈ। ਇੱਥੇ ਅਕਸਰ ਕਰਕੇ ਸਾਕਸ਼ਤਕਾਰ ਹੁੰਦਾ ਹੈ ਬ੍ਰਹਮਾ ਦਾ, ਫੇਰ ਸ਼੍ਰੀਕ੍ਰਿਸ਼ਨ ਦਾ ਹੋਵੇਗਾ। ਕਹਿਣਗੇ ਇਸ ਬ੍ਰਹਮਾ ਦੇ ਕੋਲ ਜਾਵੋ ਤਾਂ ਕ੍ਰਿਸ਼ਨਪੁਰੀ ਜਾਂ ਬੈਕੁੰਠ ਵਿੱਚ ਜਾਵੋਗੇ। ਲਕਸ਼ਮੀ- ਨਾਰਾਇਣ ਦਾ ਵੀ ਸਾਕਸ਼ਤਕਾਰ ਹੋ ਸਕਦਾ ਹੈ। ਇੰਵੇਂ ਨਹੀਂ ਸਾਕਸ਼ਤਕਾਰ ਹੋਇਆ ਮਾਨਾ ਸਦਗਤੀ

ਹੋ ਗਈ। ਇਹ ਸਿਰਫ਼ ਇਸ਼ਾਰਾ ਮਿਲਦਾ ਹੈ ਇੱਥੇ ਜਾਵੋ। ਅੱਗੇ ਜਾਕੇ ਬਹੁਤਿਆਂ ਨੂੰ ਸਾਕਸ਼ਤਕਾਰ ਹੋਵੇਗਾ, ਡਾਇਰੈਕਸ਼ਨ ਮਿਲੇਗਾ। ਤੁਹਾਡਾ ਤ੍ਰਿਮੂਰਤੀ ਵੀ ਅਖ਼ਬਾਰ ਵਿੱਚ ਪੈਂਦਾ ਹੈ, ਬ੍ਰਹਮਾਕੁਮਾਰੀਆਂ ਦਾ ਨਾਮ ਵੀ ਪੈਂਦਾ ਹੈ। ਤਾਂ ਬ੍ਰਹਮਾ ਦਾ ਵੀ ਸਾਕਸ਼ਤਕਾਰ ਹੋਵੇਗਾ ਕਿ ਇਨ੍ਹਾਂ ਦੇ ਕੋਲ ਜਾਣ ਨਾਲ ਤੁਹਾਨੂੰ ਇਹ ਬੈਕੁੰਠ ਦਾ ਪ੍ਰਿੰਸ ਬਣਨ ਦਾ ਗਿਆਨ ਮਿਲੇਗਾ। ਜਿਵੇਂ ਅਰਜੁਨ ਨੂੰ ਵਿਸ਼ਨੂੰ ਦਾ ਅਤੇ ਵਿਨਾਸ਼ ਦਾ ਸਾਕਸ਼ਤਕਾਰ ਹੋਇਆ।

ਬਾਪ ਕਹਿੰਦੇ ਹਨ ਤੁਸੀਂ ਕਿਵੇਂ ਕਮਲ ਫੁੱਲ ਸਮਾਨ ਬਣਨਾ ਹੈ। ਪਰੰਤੂ ਸਥਾਈ ਤਾਂ ਤੁਸੀਂ ਨਹੀਂ ਰਹਿੰਦੇ ਹੋ ਇਸ ਲਈ ਅਲੰਕਾਰ ਵਿਸ਼ਨੂੰ ਨੂੰ ਦੇ ਦਿੱਤੇ ਹਨ। ਨਹੀਂ ਤਾਂ ਦੇਵਤਾਵਾਂ ਨੂੰ ਸ਼ੰਖ ਆਦਿ ਦੀ ਜ਼ਰੂਰਤ ਹੈ ਕੀ। ਮੁੱਖ ਤੋਂ ਸੁਣਾਉਣ ਨੂੰ ਸ਼ੰਖ ਧ੍ਵਨਿ ਕਿਹਾ ਜਾਂਦਾ ਹੈ। ਕਮਲ ਦਾ ਰਾਜ ਵੀ ਬਾਪ ਸਮਝਾਉਂਦੇ ਹਨ। ਤੁਸੀਂ ਬ੍ਰਾਹਮਣਾਂ ਨੇ ਇਸ ਵਕ਼ਤ ਕਮਲ ਫੁੱਲ ਸਮਾਨ ਬਣਨਾ ਹੈ। ਗਦਾ ਹੈ 5 ਵਿਕਾਰਾਂ ਰੂਪੀ ਮਾਇਆ ਨੂੰ ਜਿੱਤਣ ਦੀ। ਬਾਪ ਉਪਾਏ ਦਸਦੇ ਹਨ ਮਾਮੇਕਮ ਯਾਦ ਕਰੋ ਤਾਂ ਤੁਹਾਡੇ ਵਿਕਰਮ ਵਿਨਾਸ਼ ਹੋਣਗੇ। ਸ਼੍ਰੀਮਤ ਤੇ ਚਲਕੇ ਪਤਿਤ ਪਾਵਨ ਬਾਪ ਨੂੰ ਯਾਦ ਕਰੋ। ਦੂਸਰਾ ਤਾਂ ਕੋਈ ਪਤਿਤ ਪਾਵਨ ਹੈ ਨਹੀਂ ਸਿਵਾਏ ਇੱਕ ਬਾਪ ਦੇ। ਬਾਪ ਕਹਿੰਦੇ ਹਨ ਮੈਨੂੰ ਬੁਲਾਉਂਦੇ ਹੀ ਇਸ ਲਈ ਹਨ ਕਿ ਸਾਨੂੰ ਸਭ ਨੂੰ ਇਸ ਸ਼ਰੀਰ ਤੋਂ ਛੁਡਾਕੇ ਪਾਵਨ ਦੁਨੀਆਂ ਵਿੱਚ ਲੈ ਚਲੋ। ਤਾਂ ਬਾਪ ਹੀ ਆਕੇ ਸਭ ਆਤਮਾਵਾਂ ਨੂੰ ਪਤਿਤ ਤੋਂ ਪਾਵਨ ਬਣਾਉਂਦੇ ਹਨ ਕਿਉਂਕਿ ਅਪਵਿੱਤਰ ਆਤਮਾਵਾਂ ਤਾਂ ਘਰ ਅਥਵਾ ਸ੍ਵਰਗ ਵਿੱਚ ਜਾ ਨਹੀਂ ਸਕਦੀਆਂ ਹਨ। ਬਾਪ ਕਹਿੰਦੇ ਹਨ ਪਵਿੱਤਰ ਬਣਨਾ ਹੈ ਤਾਂ ਮੈਨੂੰ ਯਾਦ ਕਰੋ। ਯਾਦ ਨਾਲ ਹੀ ਤੁਹਾਡੇ ਪਾਪ ਕੱਟਦੇ ਜਾਣਗੇ। ਇਹ ਮੈਂ ਗਾਰੰਟੀ ਕਰਦਾ ਹਾਂ। ਬੁਲਾਉਂਦੇ ਹਨ - ਹੇ ਪਤਿਤ ਪਾਵਨ ਆਓ। ਸਾਨੂੰ ਪਾਵਨ ਬਣਾਕੇ ਨਵੀਂ ਦੁਨੀਆਂ ਵਿੱਚ ਲੈ ਚਲੋ। ਤਾਂ ਕਿਵੇਂ ਜਾਵਾਂਗੇ? ਕਿੰਨੀ ਸਿੱਧੀ ਗੱਲ ਦੱਸਦੇ ਹਨ। ਬਾਪ ਦੀ ਸਹਿਜ ਨਾਲੇਜ਼ ਅਤੇ ਸਹਿਜ ਗੱਲ ਹੈ। ਕਹਿੰਦੇ ਹਨ ਕੰਮ - ਕਾਜ਼ ਕਰਦੇ ਹੋਏ ਮੈਨੂੰ ਯਾਦ ਕਰੋ। ਭਾਵੇਂ ਨੌਕਰੀ ਆਦਿ ਕਰੋ, ਭੋਜਨ ਬਣਾਓ ਉਹ ਵੀ ਯਾਦ ਵਿੱਚ ਰਹਿਕੇ, ਤਾਂ ਭੋਜਨ ਵੀ ਸ਼ੁੱਧ ਹੋਵੇਗਾ ਇਸ ਲਈ ਗਾਇਆ ਜਾਂਦਾ ਹੈ ਬ੍ਰਹਮਾ ਭੋਜਨ ਦੇ ਲਈ ਦੇਵਤਿਆਂ ਨੂੰ ਵੀ ਦਿਲ ਹੁੰਦੀ ਹੈ। ਇਹ ਬੱਚੀਆਂ ਵੀ ਭੋਗ ਲੈਕੇ ਜਾਂਦੀਆਂ ਹਨ। ਤਾਂ ਉੱਥੇ ਮਹਫਿਲ ਹੁੰਦੀ ਹੈ। ਬ੍ਰਾਹਮਣਾਂ ਅਤੇ ਦੇਵਤਿਆਂ ਦਾ ਮੇਲਾ ਲਗਦਾ ਹੈ। ਭੋਜਨ ਸਵੀਕਾਰ ਕਰਨ ਆਉਂਦੇ ਹਨ। ਬ੍ਰਾਹਮਣ ਲੋਕ ਜਦੋਂ ਭੋਜਨ ਸਵੀਕਾਰ ਕਰਦੇ ਹਨ ਤਾਂ ਵੀ ਮੰਤਰ ਜਪਦੇ ਹਨ। ਬ੍ਰਹਮਾ ਭੋਜਨ ਦੀ ਬਹੁਤ ਮਹਿਮਾ ਹੈ। ਸਨਿਆਸੀ ਤਾਂ ਬ੍ਰਹਮ ਨੂੰ ਹੀ ਯਾਦ ਕਰਦੇ ਹਨ। ਉਨ੍ਹਾਂ ਦਾ ਧਰਮ ਹੀ ਵੱਖ ਹੈ। ਉਹ ਹਨ ਹੱਦ ਦੇ ਸਨਿਆਸੀ। ਕਹਿੰਦੇ ਹਨ ਅਸੀਂ ਘਰ - ਬਾਰ ਮਲਕੀਅਤ ਆਦਿ ਸਭ ਛੱਡਿਆ ਹੈ। ਫੇਰ ਹੁਣ ਅੰਦਰ ਘੁਸ ਜਾਂਦੇ ਹਨ। ਤੁਹਾਡਾ ਹੈ ਬੇਹੱਦ ਦਾ ਸੰਨਿਆਸੀ। ਤੁਸੀਂ ਇਸ ਪੁਰਾਣੀ ਦੁਨੀਆਂ ਨੂੰ ਹੀ ਭੁੱਲ ਜਾਂਦੇ ਹੋ। ਤੁਹਾਨੂੰ ਫੇਰ ਜਾਣਾ ਹੈ ਨਵੀਂ ਦੁਨੀਆਂ ਵਿੱਚ। ਘਰ ਗ੍ਰਹਿਸਤ ਵਿੱਚ ਰਹਿੰਦੇ ਬੁੱਧੀ ਵਿੱਚ ਇਹ ਹੈ ਕਿ ਅਸੀਂ ਜਾਣਾ ਹੈ ਸੁੱਖਧਾਮ ਵਾਇਆ ਸ਼ਾਂਤੀਧਾਮ। ਸ਼ਾਂਤੀਧਾਮ ਨੂੰ ਵੀ ਯਾਦ ਕਰਨਾ ਪਵੇ। ਬਾਪ ਨੂੰ, ਸ਼ਾਂਤੀਧਾਮ ਅਤੇ ਸੁੱਖਧਾਮ ਨੂੰ ਯਾਦ ਕਰਦੇ ਹਾਂ। ਇਹ ਸਾਡਾ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ। 84 ਜਨਮ ਪੂਰੇ ਹੋਏ। ਸੂਰਜਵੰਸ਼ੀ ਤੋਂ ਚੰਦ੍ਰਵਨਸ਼ੀ ਫੇਰ ਵੈਸ਼, ਸ਼ੂਦਰਵੰਨਸ਼ੀ ਬਣੇ... ਉਹ ਲੋਕ ਫੇਰ ਕਹਿੰਦੇ ਆਤਮਾ ਸੋ ਪਰਮਾਤਮਾ, ਆਤਮਾ ਨੂੰ ਕੋਈ ਲੇਪ ਛੇਪ ਨਹੀਂ ਲਗਦਾ ਕਿਉਂਕਿ ਆਤਮਾ ਹੀ ਪਰਮਾਤਮਾ ਹੈ। ਬਾਪ ਕਹਿੰਦੇ ਹਨ - ਇਹ ਵੀ ਉਨ੍ਹਾਂ ਦਾ ਉਲਟਾ ਅਰਥ ਹੈ। ਬਾਪ ਬੈਠ ਹਮ ਸੋ ਦਾ ਅਰਥ ਸਮਝਾਉਂਦੇ ਹਨ। ਅਸੀਂ ਆਤਮਾ ਪਰਮਪਿਤਾ ਪਰਮਾਤਮਾ ਦੀ ਸੰਤਾਨ ਹਾਂ। ਪਹਿਲੇ - ਪਹਿਲੇ ਅਸੀਂ ਸਵਰਗਵਾਸੀ ਦੇਵਤਾ ਸੀ ਫੇਰ ਚੰਦ੍ਰਵਨਸ਼ੀ ਕਸ਼ੱਤਰੀ ਬਣੇ, 2500 ਵਰ੍ਹੇ ਪੂਰੇ ਹੋਏ ਫੇਰ ਵੈਸ਼ ਸ਼ੂਦਰਵੰਨਸ਼ੀ ਵਿਕਾਰੀ ਬਣੇ। ਹੁਣ ਅਸੀਂ ਬ੍ਰਾਹਮਣ ਚੋਟੀ ਬਣਦੇ ਹਾਂ। ਇੱਥੇ ਬੈਠੇ ਹਾਂ, ਜਿਵੇਂਕਿ 84 ਦੀ ਬਾਜੋਲੀ ਖੇਡਦੇ ਹਾਂ। ਇਹ ਬਾਜੋਲੀ ਦਾ ਵੀ ਗਿਆਨ ਹੈ। ਪਹਿਲੋਂ ਤੀਰਥਾਂ ਤੇ ਜਾਂਦੇ ਸਨ ਤਾਂ ਵੀ ਬਾਜੋਲੀ ਕਰਦੇ ਨਿਸ਼ਾਨ ਲਗਾਉਂਦੇ ਜਾਂਦੇ ਸਨ। ਹੁਣ ਤੁਹਾਡਾ ਤੇ ਸੱਚਾ ਤੀਰਥ ਹੈ- ਸ਼ਾਂਤੀਧਾਮ ਅਤੇ ਸੁੱਖਧਾਮ। ਤੁਸੀਂ ਤਾਂ ਰੂਹਾਨੀ ਪੰਡੇ ਹੋ। ਸਭ ਨੂੰ ਸਲਾਹ ਦਿੰਦੇ ਹੋ - ਬਾਪ ਨੂੰ ਯਾਦ ਕਰੋ ਤਾਂ ਸ਼ਾਂਤੀਧਾਮ ਚਲੇ ਜਾਵੋਗੇ। ਸਾਧੂ ਸੰਤ ਆਦਿ ਸਭ ਸ਼ਾਂਤੀਧਾਮ ਵਿੱਚ ਜਾਣ ਲਈ ਹੀ ਮੇਹਨਤ ਕਰਦੇ ਹਨ। ਪ੍ਰੰਤੂ ਜਾ ਕੋਈ ਵੀ ਨਹੀਂ ਸਕਦੇ। ਜਾਣਗੇ ਫੇਰ ਸਾਰਾ ਹੋਲ ਲਾਟ ਇਕੱਠਾ। ਬਾਪ ਨੇ ਸਮਝਾਇਆ ਹੈ ਸਤਿਯੁਗ ਵਿੱਚ ਤਾਂ ਬਹੁਤ ਥੋੜ੍ਹੇ ਹੁੰਦੇ ਹਨ ਫੇਰ ਵਾਧਾ ਹੁੰਦਾ ਜਾਂਦਾ ਹੈ। ਤਾਂ ਤੁਸੀਂ ਹੋ ਸਵਦਰਸ਼ਨ ਚੱਕਰਧਾਰੀ। ਦੇਵਤਾ ਨਹੀਂ ਹੋ। ਪਰੰਤੂ ਇਸ ਸਮੇਂ ਤੁਹਾਡੀ ਮਾਇਆ ਦੇ ਨਾਲ ਯੁੱਧ ਚੱਲ ਰਹੀ ਹੈ। ਉਸ ਲੜ੍ਹਾਈ ਵਿੱਚ ਵੀ ਜਿਸਨੂੰ ਜ਼ੋਰਦਾਰ ਸਮਝਦੇ ਹਨ ਤਾਂ ਫੇਰ ਉਨ੍ਹਾਂ ਦੇ ਕੋਲ ਜਾਕੇ ਸ਼ਰਨ ਲੈਂਦੇ ਹੋ? ਹੁਣ ਤੁਸੀਂ ਕਿਸ ਦੀ ਸ਼ਰਨ ਲੈਂਦੇ ਹੋ? ਇਸਤਰੀ - ਪੁਰਸ਼ ਦੋਵੇਂ ਕਹਿੰਦੇ ਹਨ ਅਸੀਂ ਸ਼ਰਨ ਪੈਂਦੇ ਹਾਂ ਤੁਹਾਡੀ। ਮੇਰਾ ਤਾਂ ਇੱਕ ਸ਼ਿਵਬਾਬਾ, ਦੂਸਰਾ ਨਾ ਕੋਈ, ਸਭ ਆਤਮਾਵਾਂ ਦਾ ਬਾਪ ਤਾਂ ਇੱਕ ਹੈ ਨਾ। ਉਸ ਇੱਕ ਦੇ ਤੁਸੀਂ ਬੱਚੇ ਹੋ। ਸਾਧੂ ਸੰਤ ਤਾਂ ਇੱਕ ਨਹੀਂ ਹਨ। ਅਨੇਕ ਭਗਵਾਨ ਹੋ ਜਾਂਦੇ ਹਨ। ਜੋ ਘਰ ਤੋਂ ਰੁਸੇ ਉਹ ਭਗਵਾਨ, ਫੇਰ ਵੱਡੇ - ਵੱਡੇ ਸ਼ਾਹੂਕਾਰ, ਕਰੋੜਪਤੀ ਜਾਕੇ ਉਨ੍ਹਾਂ ਦੇ ਚੇਲੇ ਬਣਦੇ ਹਨ ਅਤੇ ਮਹਫਿਲ ਮਨਾਉਂਦੇ ਹਨ ਗੰਦੇ ਖਾਨ - ਪਾਣ ਦੀ। ਤਮੋਪ੍ਰਧਾਨ ਮਨੁੱਖ ਹਨ ਨਾ। ਹਿੰਦੂਆਂ ਨੂੰ ਫੇਰ ਆਪਣੇ ਧਰਮ ਦਾ ਹੀ ਪਤਾ ਨਹੀਂ ਹੈ।

ਬਾਪ ਸਮਝਾਉਂਦੇ ਹਨ ਤੁਸੀਂ ਤਾਂ ਅਸਲ ਵਿੱਚ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹੋ, ਪਰੰਤੂ ਪਤਿਤ ਬਣ ਗਏ ਹੋ ਇਸ ਲਈ ਆਪਣੇ ਨੂੰ ਦੇਵਤਾ ਕਹਾ ਨਹੀਂ ਸਕਦੇ। ਉਹ ਧਰਮ ਹੀ ਪਰਾਏ ਲੋਪ ਹੋ ਗਿਆ ਹੈ। ਮਨੁੱਖ ਕਿੰਨੇ ਵਿਕਾਰੀ ਕ੍ਰਿਮੀਨਲ ਆਈ ਵਾਲੇ ਹਨ। ਇੱਕ ਮਨਿਸਟਰ ਬਾਬਾ ਦੇ ਕੋਲ ਆਇਆ ਸੀ, ਬੋਲਾ - ਸਾਡੀ ਤਾਂ ਕ੍ਰਿਮੀਨਲ ਆਈ ਜਾਂਦੀ ਹੈ। ਹੁਣ ਬਾਪ ਸਮਝਾਉਂਦੇ ਹਨ - ਬੱਚੇ, ਸਿਵਿਲ ਆਈ ਬਣੋ। ਹੁਣ ਬਾਪ ਸਮਝਾਉਂਦੇ ਹਨ- ਬੱਚੇ ਸਿਵਲ ਆਈ ਬਣੋ। ਜਦ ਤੱਕ ਕ੍ਰਿਮੀਨਲ ਆਈ ਜਾਂਦੀ ਹੈ ਉਦੋਂ ਤੱਕ ਤੁਸੀਂ ਪਤਿਤ ਹੋ। ਆਪਣੇ ਨੂੰ ਭਰਾ - ਭਰਾ ਸਮਝੋ ਤਾਂ ਉਹ ਕ੍ਰਿਮੀਨਲ ਦ੍ਰਿਸ਼ਟੀ ਉੱਡ ਜਾਵੇਗੀ। ਅਸੀਂ ਆਤਮਾ ਭਰਾ - ਭਰਾ ਹਾਂ। ਇੱਕ ਬਾਪ ਤੋਂ ਵਰਸਾ ਲੈ ਰਹੇ ਹਾਂ। ਆਤਮਾ ਦਾ ਤਖ਼ਤ ਇਹ ਭ੍ਰਕੁਟੀ ਹੈ। ਇਸ ਨੂੰ ਕਿਹਾ ਜਾਂਦਾ ਹੈ ਅਕਾਲ ਤਖ਼ਤ। ਅਕਾਲ ਆਤਮਾ ਇਸ ਤਖ਼ਤ ਤੇ

ਵਿਰਾਜਮਾਨ ਹੈ। ਇਹ ਤਾਂ ਮਿੱਟੀ ਦਾ ਪੁਤਲਾ ਹੈ। ਸਾਰਾ ਪਾਰ੍ਹ ਆਤਮਾ ਵਿੱਚ ਹੀ ਭਰਿਆ ਹੋਇਆ ਹੈ। ਬਾਪ ਕਹਿੰਦੇ ਹਨ ਮੈਂ 5 ਹਜ਼ਾਰ ਵਰ੍ਹਿਆਂ ਦੇ ਬਾਦ ਆਉਂਦਾ ਹਾਂ, ਤੁਹਾਨੂੰ ਬੱਚਿਆਂ ਨੂੰ ਵਰਸਾ ਦੇਣ। ਤੁਸੀਂ ਜਾਣਦੇ ਹੋ ਅਸੀਂ ਆਏ ਹਾਂ ਹੈਲਥ, ਵੈਲਥ, ਹੈਪੀਨੈਸ ਦਾ ਵਰਸਾ ਲੈਣ। ਸਤਿਯੁਗ ਵਿੱਚ ਅਥਾਹ ਧਨ ਮਿਲਦਾ ਹੈ। ਤੁਸੀਂ 21 ਪੀੜ੍ਹੀ ਦੇਵਤਾ ਬਣਦੇ ਹੋ। ਬੁੜ੍ਹਾਪੇ ਬਿਨਾਂ ਕਦੇ ਕੋਈ ਮਰੇਗਾ ਨਹੀਂ। ਇੱਥੇ ਤਾਂ ਬੈਠੇ - ਬੈਠੇ ਅਚਾਨਕ ਮਰ ਜਾਂਦੇ ਹਨ। ਗਰਭ ਦੇ ਅੰਦਰ ਵੀ ਮਰ ਜਾਂਦੇ ਹਨ। ਉੱਥੇ ਤਾਂ ਦੁੱਖ ਦਾ ਨਾਮ ਨਹੀਂ ਹੁੰਦਾ। ਉਸਨੂੰ ਕਿਹਾ ਜਾਂਦਾ ਹੈ ਸੁੱਖਧਾਮ, ਰਾਮਰਾਜ। ਇਹ ਹੈ ਦੁੱਖਧਾਮ ਰਾਵਣ ਰਾਜ। ਸਤਿਯੁਗ ਵਿੱਚ ਰਾਵਣ ਹੁੰਦਾ ਹੀ ਨਹੀਂ।

ਤਾਂ ਇਹ 84 ਦਾ ਚੱਕਰ ਵੀ ਬੁੱਧੀ ਵਿੱਚ ਤੁਹਾਨੂੰ ਯਾਦ ਰਹੇਗਾ। ਬਹੁਤ ਖੁਸ਼ੀ ਰਹੇਗੀ। ਤੁਸੀਂ ਜਾਣਦੇ ਹੋ ਅਸੀਂ ਨਵੇਂ ਵਿਸ਼ਵ ਦੇ ਅਰਥਾਤ ਸਤਿਯੁਗ ਦੇ ਮਾਲਿਕ ਬਣਨ ਵਾਲੇ ਹਾਂ । ਗੀਤਾ ਵਿੱਚ ਵੀ ਭਗਵਾਨੁਵਾਚ ਹੈ ਨਾ - ਹੇ ਬੱਚੇ, ਦੇਹ ਸਹਿਤ ਦੇਹ ਦੇ ਸਭ ਸਬੰਧਾਂ ਨੂੰ ਛੱਡੋ। ਆਪਣੇ ਨੂੰ ਆਤਮਾ ਸਮਝ ਮਾਮੇਕਮ ਯਾਦ ਕਰੋ। ਤੁਹਾਡਾ ਸੱਚਾ - ਸੱਚਾ ਖ਼ੁਦਾ ਦੋਸਤ ਉਹ ਹੈ। ਅਲ੍ਹਾ ਅਵਲਦੀਨ ਦੇ ਨਾਟਕ, ਹਾਤਮਤਾਈ ਦਾ ਨਾਟਕ - ਸਭ ਇਸ ਸਮੇਂ ਦੇ ਹਨ। ਹੁਣ ਮਨੁੱਖ ਕਿੰਨਾ ਮੱਥਾ ਮਾਰਦੇ ਰਹਿੰਦੇ ਹਨ - ਬੱਚੇ ਘਟ ਪੈਦਾ ਹੋਣ। ਬੇਹੱਦ ਦਾ ਬਾਪ ਤਾਂ ਕਿੰਨਾ ਘੱਟ ਕਰ ਦਿੰਦੇ ਹਨ। ਸਾਰੇ ਵਿਸ਼ਵ ਵਿੱਚ ਸਤਿਯੁਗ ਵਿੱਚ 9 ਲੱਖ ਆਬਾਦੀ ਜਾ ਕੇ ਰਹਿੰਦੀ ਹੈ। ਬਾਕੀ ਇਤਨੇ ਕਰੋੜਾਂ ਮਨੁੱਖ ਹੁੰਦੇ ਹੀ ਨਹੀਂ। ਸਭ ਮੁਕਤੀਧਾਮ, ਸ਼ਾਂਤੀਧਾਮ ਵਿੱਚ ਚਲੇ ਜਾਣਗੇ। ਇਹ ਤਾਂ ਕਰਾਮਤ ਦੀ ਗੱਲ ਹੈ ਨਾ। ਇੱਕ ਦੇਵੀ - ਦੇਵਤਾ ਧਰਮ ਦਾ ਫਾਊਂਡੇਸ਼ਨ ਲਗਾਕੇ ਬਾਕੀ ਸਭ ਵਿਨਾਸ਼ ਕਰ ਦਿੰਦੇ ਹਨ। ਇਹ 84 ਦਾ ਚੱਕਰ ਚੰਗੀ ਰੀਤੀ ਬੁੱਧੀ ਵਿੱਚ ਬਿਠਾਉਣਾ ਹੈ। ਇਹ ਹੈ ਸਵਦਰਸ਼ਨ ਚੱਕਰ। ਬਾਕੀ ਚੱਕਰ ਨਾਲ ਕਿਸੇ ਦਾ ਗਲਾ ਆਦਿ ਨਹੀਂ ਕੱਟਣਾ ਹੈ। ਸ਼ਾਸਤਰਾਂ ਵਿੱਚ ਫੇਰ ਸ੍ਰੀਕ੍ਰਿਸ਼ਨ ਦੇ ਲਈ ਹਿੰਸਕ ਗੱਲਾਂ ਲਿਖ ਦਿੱਤੀਆਂ ਹਨ। ਸਭ ਨੂੰ ਸਵਦਰਸ਼ਨ ਚੱਕਰ ਨਾਲ ਮਾਰਿਆ। ਇਹ ਵੀ ਗਲਾਨੀ ਹੋਈ ਨਾ। ਕਿੰਨਾ ਹਿੰਸਕ ਬਣਾ ਦਿੱਤਾ ਹੈ। ਤੁਸੀਂ ਡਬਲ ਅਹਿੰਸਕ ਬਣਦੇ ਹੋ। ਕਾਮ ਕਟਾਰੀ ਚਲਾਣਾ ਇਹ ਵੀ ਹਿੰਸਾ ਹੈ। ਦੇਵਤਾਵਾਂ ਨੂੰ ਤੇ ਪਵਿੱਤਰ ਕਿਹਾ ਜਾਂਦਾ ਹੈ। ਯੋਗਬਲ ਨਾਲ ਜਦਕਿ ਵਿਸ਼ਵ ਦੇ ਮਾਲਿਕ ਬਣ ਸਕਦੇ ਹੋ ਤਾਂ ਯੋਗਬਲ ਨਾਲ ਬੱਚੇ ਕਿਓਂ ਨਹੀ ਪੈਦਾ ਹੋ ਸਕਦੇ ਹਨ। ਸਾਕਸ਼ਤਕਾਰ ਹੋਵੇਗਾ ਹੁਣ ਬੱਚਾ ਹੋਣਾ ਹੈ। ਬਾਬਾ ਤਾਂ ਸਮਝਦੇ ਹਨ ਹੁਣ ਇਹ ਪੁਰਾਣਾ ਸ਼ਰੀਰ ਛੱਡਾਂਗੇ ਅਤੇ ਗੋਲਡਨ ਸਪੂਨ ਇਨ ਮਾਉਥ। ਤੁਸੀਂ ਵੀ ਸਮਝਦੇ ਹੋ ਅਸੀਂ ਅਮਰਲੋਕ ਵਿੱਚ ਜਨਮ ਲਵਾਂਗੇ ਤਾਂ ਗੋਲਡਨ ਸਪੂਨ ਇਨ ਮਾਉੱਥ ਹੋਵੇਗਾ। ਗਰੀਬ ਪ੍ਰਜਾ ਵੀ ਚਾਹੀਦੀ ਹੈ। ਦੁੱਖ ਦੀ ਕੋਈ ਵੀ ਗੱਲ ਹੁੰਦੀ ਹੀ ਨਹੀਂ ਹੈ। ਪ੍ਰਜਾ ਦੇ ਕੋਲ ਥੋੜ੍ਹੀ ਨਾ ਇਤਨਾ ਧਨ ਮਾਲ ਆਦਿ ਹੁੰਦਾ ਹੈ। ਬਾਕੀ ਹਾਂ, ਸੁੱਖ ਹੋਵੇਗਾ, ਉਮਰ ਵੱਡੀ ਹੋਵੇਗੀ। ਰਾਜਾ, ਰਾਣੀ, ਸ਼ਾਹੂਕਾਰ ਪ੍ਰਜਾ ਸਭ ਚਾਹੀਦੇ ਹਨ ਨਾ। ਅੱਛਾ

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦੀ ਯਾਦ ਦੇ ਨਾਲ - ਨਾਲ ਖੁਸ਼ ਰਹਿਣ ਦੇ ਲਈ 84 ਦੇ ਚੱਕਰ ਨੂੰ ਵੀ ਯਾਦ ਕਰਨਾ ਹੈ। ਸਵਦਰਸ਼ਨ ਚੱਕਰ ਫਿਰੌਣਾ ਹੈ। ਖ਼ੁਦਾ ਨੂੰ ਆਪਣਾ ਸੱਚਾ ਦੋਸਤ ਬਣਾਉਣਾ ਹੈ।

2. ਡਬਲ ਅਹਿੰਸਕ ਬਣਨ ਦੇ ਲਈ ਕ੍ਰਿਮੀਨਲ ਆਈ ਨੂੰ ਬਦਲ ਸਿਵਿਲ ਆਈ ਬਣਾਉਣੀ ਹੈ। ਅਸੀਂ ਆਤਮਾ ਭਰਾ - ਭਰਾ ਹਾਂ ਇਹ ਅਭਿਆਸ ਕਰਨਾ ਹੈ।

ਵਰਦਾਨ:- ਸਰਵਸ਼ਕਤੀਮਾਨ ਬਾਪ ਨੂੰ ਕੰਮਬਾਇੰਡ ਰੂਪ ਵਿੱਚ ਰੱਖਣ ਵਾਲੇ ਸਫਲਤਾ-ਮੂਰਤ ਭਵ

ਜਿਨ੍ਹਾਂ ਬੱਚਿਆਂ ਦੇ ਨਾਲ ਸਰਵ ਸ਼ਕਤੀਮਾਨ ਬਾਪ ਕੰਮਬਾਇੰਡ ਹੈ - ਉਹਨਾਂ ਦਾ ਸ਼ਕਤੀਆਂ ਤੇ ਅਧਿਕਾਰ ਹੈ ਅਤੇ ਜਿੱਥੇ ਸਰਵ ਸ਼ਕਤੀਆਂ ਹਨ ਉੱਥੇ ਸਫ਼ਲਤਾ ਨਾ ਹੋਵੇ, ਇਹ ਅਸੰਭਵ ਹੈ ਜੇਕਰ ਸਦਾ ਬਾਪ ਨਾਲ ਕੰਮਬਾਇੰਡ ਰਹਿਣ ਵਿੱਚ ਕਮੀ ਹੈ ਤਾਂ ਸਫ਼ਲਤਾ ਵੀ ਘੱਟ ਹੁੰਦੀ ਹੈ ਸਦਾ ਸਾਥ ਨਿਭਾਉਣ ਵਾਲੇ ਅਵਿਨਾਸ਼ੀ ਸਾਥੀ ਨੂੰ ਕੰਮਬਾਇੰਡ ਰੱਖੋ ਤਾਂ ਸਫ਼ਲਤਾ ਜਨਮ ਸਿੱਧ ਅਧਿਕਾਰ ਹੈ ਕਿਉਂਕਿ ਸਫ਼ਲਤਾ ਮਾਸਟਰ ਸਰਵਸ਼ਕਤੀਮਾਨ ਦੇ ਅੱਗੇ -ਪਿੱਛੇ ਘੁੰਮਦੀ ਹੈ।

ਸਲੋਗਨ:- ਸੱਚੇ ਵੈਸ਼ਨਵ ਉਹ ਹਨ ਜੋ ਵਿਕਾਰਾਂ ਰੂਪੀ ਗੰਦਗੀ ਨੂੰ ਛੂਦੇ ਵੀ ਨਹੀਂ।

******